# ਪੰਜਾਬੀ ਨਾਟ-ਪਰੰਪਰਾ: ਨਿਕਾਸ ਤੇ ਵਿਕਾਸ

***ਜਗਮੋਹਨੀ ਚਾਵਲਾ ਗਾਬਾ**
***ਖੋਜ ਵਿਦਿਆਰਥੀ, ਦੇਸ਼ ਭਗਤ ਯੂਨੀਵਰਸਿਟੀ**

**ਐਬਸਟ੍ਰੈਕਟ (Abstract)**
ਨਾਟਕ ਪੰਜਾਬੀ ਦਾ ਪ੍ਰਮੁੱਖ ਸਾਹਿਤ-ਰੂਪ ਹੈ। ਪੰਜਾਬੀ ਨਾਟਕ ਦੇ ਆਰੰਭ ਦਾ ਸੁਆਲ ਸ਼ੁਰੂ ਤੋਂ ਹੀ ਵਾਦ-ਵਿਵਾਦ ਦਾ ਵਿਸ਼ਾ ਰਿਹਾ ਹੈ। ਪੰਜਾਬੀਆਂ ਦੇ ਜੀਵਨ ਨਾਲ ਜੁੜੇ ਨਕਲਾਂ, ਰਾਸਾਂ, ਤਮਾਸ਼ੇ ਭੰਡ ਆਦਿ ਨਾਟਕ ਦੇ ਮੂਲ ਰੂਪ ਮੰਨੇ ਗਏ ਸਨ। ਵੀਹਵੀਂ ਸਦੀ ਦੇ ਦੂਜੇ ਦਹਾਕੇ ਵਿਚ ਆਇਰਸ਼ ਲੇਡੀ ਮਿਸਿਜ਼ ਨੌਰਾ ਰਿਚਰਡਜ਼ ਦੀ ਆਮਦ (1910) ਨੇ ਪੰਜਾਬੀ ਨਾਟਕ ਨੂੰ ਲੀਹ ਉਪਰ ਪਾ ਦਿੱਤਾ। ਫਿਰ ਸਹਿਜੇ ਸਹਿਜੇ ਨਾਟਕ ਕਲਾ ਦਾ ਵਿਕਾਸ ਹੋਇਆ। ਇਸ ਅਧਿਐਨ ਦਾ ਉਦੇਸ਼ ਪੰਜਾਬੀ ਭਾਸ਼ਾ ਵਿੱਚ ਵਿਕਾਸ ਕਰਦੇ ਹੋਏ ਪੰਜਾਬੀ ਨਾਟਕ 'ਤੇ ਚਾਨਣਾ ਪਾਉਣਾ ਹੈ, ਅੱਜ ਇਕ ਸਦੀ ਅਤੇ ਦੋ ਦਹਾਕਿਆਂ ਤੋਂ ਵੱਧ ਸਮੇਂ ਦੇ ਨਾਟਕ ਦੇ ਇਤਿਹਾਸ ਨੂੰ ਨਾਟ-ਆਲੋਚਕ ਚਾਰ ਪੀੜ੍ਹੀਆਂ ਵਿੱਚ ਵੰਡ ਕੇ ਦੇਖਦੇ ਹਨ।

**Key Words:** ਨਾਟਕਕਾਰ, ਨਾਟ-ਪਰੰਪਰਾ, ਨਾਟ-ਸ਼ੈਲੀਆਂ, ਰੰਗਮੰਚ/ਥੀਏਟਰ।

**ਭੂਮਿਕਾ**: ਪੰਜਾਬੀ ਨਾਟ – ਪੰਰਪਰਾ ਨੂੰ ਇਤਿਹਾਸਕ ਦ੍ਰਿਸ਼ਟੀ ਤੋਂ ਵੇਖਿਆ ਇਹ ਗਿਆਤ ਹੁੰਦਾ ਹੈ ਕਿ ਪੰਜਾਬੀ ਸਾਹਿਤ ਵਿੱਚ ਨਾਟ-ਵਿਧਾ ਦਾ ਇਤਿਹਾਸ ਬਹੁਤ ਪੁਰਾਤਨ ਹੈ। ਇਸੇ ਤਰ੍ਹਾਂ ਪੰਜਾਬੀ ਨਾਟਕ ਦਾ ਰੰਗਮੰਚ ਨਾਲ ਰਿਸ਼ਤਾ ਵੀ ਇਸ ਦੇ ਹੋਂਦ ਗ੍ਰਹਿਣ ਕਰਨ ਦੇ ਸਮੇਂ ਤੋਂ ਹੀ ਮੰਨਿਆਂ ਜਾਂਦਾ ਹੈ। ਨਾਟਕ ਦੂਜੇ ਸਾਹਿਤ ਰੂਪਾਂ ਤੋਂ ਆਪਣੀ ਪ੍ਰਕਿਰਤੀ ਕਾਰਨ ਭਿੰਨ ਹੈ। ਇਹੀ ਭਿੰਨਤਾ ਨਾਟਕ ਅਤੇ ਰੰਗਮੰਚ ਦੇ ਆਪਸੀ ਰਿਸ਼ਤੇ ਦਾ ਆਧਾਰ ਬਣਦੀ ਹੈ। ਦੂਜੇ ਸ਼ਬਦਾਂ ਵਿਚ ਕਹਿ ਸਕਦੇ ਹਾਂ ਕਿ ਨਾਟਕ ਸਾਹਿਤ ਦਾ ਅਜਿਹਾ ਨਿਵੇਕਲਾ ਸਾਹਿਤ-ਰੂਪ ਹੈ ਜੋ ਆਪਣੇ ਬੁਨਿਆਦੀ ਵਖਰੇਵੇਂ ਅਤੇ ਨਿਵੇਕਲੀ ਪ੍ਰਕ੍ਰਿਤੀ ਕਾਰਨ ਖੇਡੇ ਜਾਣ ਦੀ ਯੋਗਤਾ ਰੱਖਦਾ ਹੈ। ਇੰਜ ਨਾਟਕ ਅਤੇ ਰੰਗਮੰਚ ਨੂੰ ਇਕ ਦੂਜੇ ਦੇ ਪੂਰਕ ਮੰਨਿਆ ਜਾਂਦਾ ਹੈ।

ਸਿਧਾਂਤਕ ਪੱਖ :

ਪੰਜਾਬੀ ਨਾਟਕ ਦੇ ਇਤਿਹਾਸ ਵਿੱਚ ਇਸ ਦਾ ਸਭ ਤੋਂ ਮਹੱਤਵ-ਪੂਰਨ ਪੜਾਅ ਪੰਜਾਬੀ ਨਾਟਕ ਦੀ ਵਿਧਾ ਦਾ ਉਭਰਨਾ ਹੈ। ਪੰਜਾਬੀ ਨਾਟਕ ਦੇ ਉਦਭਵ ਬਾਰੇ ਨਾਟ-ਵਿਦਵਾਨਾਂ ਦੀ ਸਰਵਸੰਮਤੀ ਨਹੀਂ ਹੈ, ਨਾਟਕ ਰਤਨਾਕਰ ਦੇ ਲੇਖਕ ਗਿਆਨੀ ਪਿਆਰਾ ਸਿੰਘ ਗਿੱਲ ਅਤੇ ਐੱਲ ਐਸ ਕੇਸਰ ਸਿੰਘ ਅਜੀਤ ਸਮੇਤ ਕੁਝ ਵਿਦਵਾਨਾਂ ਦਾ ਤਰਕ ਹੈ ਕਿ ਪੰਜਾਬੀ ਨਾਟਕ ਨਾਲ ਪ੍ਰਚਲਿਤ ਰੂਪ ਵਿੱਚ ਜੁੜਿਆ 'ਆਧੁਨਿਕ' ਸ਼ਬਦ ਇਹ ਸੰਕੇਤ ਕਰਦਾ ਹੈ ਕਿ ਪੰਜਾਬੀ ਨਾਟਕ ਨਾਲ ਆਧੁਨਿਕ ਸ਼ਬਦ ਜੁੜਨ ਤੋਂ ਪਹਿਲਾ ਵੀ ਨਾਟਕ ਦੀ ਹੋਂਦ ਸੀ। ਇਸ ਤਰਕ ਨਾਲ ਉਹ ਕੁਝ ਅਜਿਹੀਆਂ ਸਾਹਿਤਕ ਵੰਨਗੀਆਂ ਨੂੰ ਵੀ ਨਾਟਕ ਦੇ ਘੇਰੇ ਵਿੱਚ ਲੈ ਆਉਂਦੇ ਹਨ ਜੋ ਨਾਟਕ ਨਹੀਂ ਹਨ। ਨਾਟ-ਆਲੋਚਕ ਕੁਲਦੀਪ ਸਿੰਘ ਆਪਣੀ ਪੁਸਤਕ 'ਪੰਜਾਬੀ ਨਾਟਕ ਦੇ ਮੋਢੀ' ਵਿੱਚ ਲਿਖਦੇ ਹਨ:

''ਬੁਹਤੇ ਵਿਦਵਾਨ ਪੰਜਾਬੀ ਨਾਟਕ ਨੂੰ ਅੰਗਰੇਜ਼ਾਂ ਦੀ ਆਮਦ ਤੋਂ ਪਿੱਛੋਂ ਹੋਂਦ ਵਿਚ ਆਇਆ ਮੰਨਦੇ ਹਨ। 1849 ਤੀਕ ਜਦ ਅੰਗਰੇਜ਼ਾਂ ਦਾ ਪੰਜਾਬ ਤੇ ਕਬਜ਼ਾ ਹੋਇਆ, ਤੋਂ ਪਹਿਲਾ ਪੰਜਾਬੀ ਨਾਟਕ ਨਾ ਉਪਜ ਸਕਿਆ।''[1] ਕੋਈ ਵੀ ਸਾਹਿਤ-ਰੂਪ ਸਾਹਿਤਕ ਕ੍ਰਿਤਾਂ ਦੀ ਇਕ ਲੰਬੀ ਲੜੀ ਵਿੱਚੋਂ ਹੋਲੀ ਹੋਲੀ ਆਪਣੀ ਹੋਂਦ ਨੂੰ ਗ੍ਰਹਿਣ ਕਰਦਾ ਹੈ। ਕਿਸੇ ਵੀ ਸਾਹਿਤ-ਰੂਪ ਦੇ ਉਦਭਵ ਵਿੱਚ

ਉਸਦੀ ਧਰਤੀ ਦਾ ਪਿਛੋਕੜ, ਉਸਦੀ ਬੋਲੀ, ਸਭਿਆਚਾਰਕ ਅਤੇ ਆਰਥਿਕ ਸਮਾਜਿਕ ਪਰਸਥਿਤੀਆਂ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ। ਜੇ ਪੰਜਾਬੀ ਨਾਟਕ ਅੰਗਰੇਜ਼ਾਂ ਦੀ ਆਮਦ ਨਾਲ ਹੀ ਆਪਣੀ ਹੋਂਦ ਗ੍ਰਹਿਣ ਕਰਦਾ ਹੈ ਤਾਂ ਫਿਰ ਇਹ ਸਵਾਲ ਪੈਦਾ ਹੁੰਦਾ ਹੈ ਜਿਥੇ ਜਿਥੇ ਵੀ ਅੰਗਰੇਜ਼ ਸਰਕਾਰ ਦਾ ਸ਼ਾਸਨ ਰਿਹਾ ਹੈ ਉਥੇ ਉਨ੍ਹਾਂ ਦੇਸ਼ਾਂ ਵਿਚ ਅੰਗਰੇਜ਼ੀ ਸਾਹਿਤ ਅਤੇ ਸਭਿਆਚਾਰ ਦੇ ਪ੍ਰਭਾਵ ਥੱਲੇ ਉਸ ਭੂਗੋਲਿਕ ਖਿੱਤੇ ਦਾ ਨਾਟਕ ਕਿਉ ਨਹੀਂ ਉਤਪੰਨ ਹੋਇਆ ? ਉੱਤਰ ਸਪਸ਼ਟ ਹੈ ਕਿ ਪੰਜਾਬੀ ਨਾਟਕ ਦੀ ਹੋਂਦ ਅੰਗਰੇਜ਼ਾਂ ਦੇ ਪੰਜਾਬ ਉਪਰ ਕਬਜ਼ੇ ਤੋਂ ਪਹਿਲਾਂ ਵੀ ਮੌਜੂਦ ਸੀ। ਇਸ ਤੱਥ ਦੀ ਪੁਸ਼ਟੀ ਕੁਝ ਹੋਰ ਵਿਦਵਾਨਾਂ ਨੇ ਵੀ ਕੀਤੀ ਹੈ। ਉਨ੍ਹਾਂ ਵਿਦਵਾਨਾਂ ਨੇ ਆਪਣਾ ਪਹਿਲਾ ਤਰਕ ਹੈ ਕਿ  ਪੰਜਾਬੀ ਨਾਟਕ ਦੇ ਆਰੰਭ ਨੂੰ ਸਿੰਧ ਘਾਟੀ ਦੀ ਸਭਿਅਤਾ ਨਾਲ ਜੋੜ ਕੇ ਪੇਸ਼ ਕੀਤਾ ਹੈ। ਇਨ੍ਹਾਂ ਵਿਦਵਾਨਾਂ ਅਨੁਸਾਰ ਹੜੱਪਾ ਅਤੇ ਮੋਹਿੰਜੋਦੜੋ ਦੀ ਖੋਦਾਈ ਸਮੇਂ ਪ੍ਰਾਪਤ ਨਚਾਰਾਂ ਦੀਆਂ ਮੂਰਤੀਆਂ ਅਤੇ ਸਿੰਕਦਰ ਦੇ ਹੱਲੇ ਸਮੇ ਉਸ ਨਾਲ ਆਏ ਵਿਦਵਾਨਾਂ ਅਤੇ ਇਤਿਹਾਸਕਾਰਾਂ ਦੀਆਂ ਲਿਖਤਾਂ ਇਸਦਾ ਪ੍ਰਾਚੀਨ ਹੋਣ ਦਾ ਸਬੂਤ ਹੈ। ਦੂਜੇ ਤਰਕ ਅਨੁਸਾਰ ਨਕਲਾਂ, ਰਾਸਾਂ, ਤਮਾਸ਼ੇ, ਸਾਂਗ ਆਦਿ ਪੰਜਾਬੀ ਸੁਭਾਅ ਦੇ ਵਿਸ਼ੇਸ਼ ਲੱਛਣ ਮੰਨੇ ਜਾਂਦੇ ਹਨ ਇਸ ਲਈ ਇਹ ਨਾਟਕੀ ਰੂਪ ਨਾਟਕ–ਕਲਾ ਆਰੰਭ ਕਰ ਸਕਣ ਦੀ ਸ਼ਕਤੀ ਦਾ ਸਬੂਤ ਕਹੇ ਜਾ ਸਕਦੇ ਹਨ। ਇਸ ਲਈ ਉਪਰੋਕਤ ਦੋਵੇਂ ਤਰਕਾਂ ਦੇ ਆਧਾਰ ਦੇ ਮੱਦੇਨਜ਼ਰ ਪੰਜਾਬੀ ਨਾਟਕ ਨੂੰ ਨਿਰੋਲ ਅੰਗਰੇਜ਼ਾ ਦੀ ਦੇਣ ਕਹਿਣਾ ਉਚਿਤ ਨਹੀਂ ਹੈ। ਸਾਨੂੰ ਇਹ ਸਵੀਕਾਰ ਕਰਨਾ ਪਵੇਗਾ ਕਿ ਪੰਜਾਬ ਇਕ ਅਜਿਹਾ ਭੂਗੋਲਿਕ ਖਿੱਤਾ ਰਿਹਾ ਹੈ ਜਿਸ ਦੀ ਰਾਜਸੀ ਅਸਥਿਰਤਾ ਕਾਰਨ ਪੈਦਾ ਹੋਈ ਸਥਿਤੀ ਮੁੱਢ ਤੋਂ ਹੀ ਨਾਟਕ ਕਲਾ ਦੀ ਉਪਜ ਅਤੇ ਵਿਕਾਸ ਦੇ ਪ੍ਰਤੀਕੂਲ ਰਹੀ ਹੈ। ਇਸ ਪ੍ਰਤੀਕੂਲ ਸਥਿਤੀ ਦੇ ਬਾਵਜੂਦ ਪੰਜਾਬ ਦੀ ਧਰਤੀ ਦੀ ਮਿੱਟੀ ਵਿਚ ਨਾਟਕ ਦੇ ਅੰਸ਼ ਅਤੇ ਤੱਤ ਇੰਨੇ ਪ੍ਰਬਲ ਹਨ ਕਿ ਸਿੰਧ ਘਾਟੀ ਤੋਂ ਲੈ ਕੇ ਵਰਤਮਾਨ ਕਾਲ–ਖੰਡ ਤਕ ਲੋਕ ਨਾਟ–ਪਰੰਪਰਾ ਨਿਰੰਤਰ ਰੂਪ ਵਿਚ ਜਾਰੀ ਰਹੀ ਹੈ। ਪੰਜਾਬੀ ਦੇ ਨਾਟਕਕਾਰ ਅਤੇ ਚਿੰਤਕ ਡਾ. ਹਰਚਰਨ ਸਿੰਘ ਅਨੁਸਾਰ ਪੰਜਾਬੀ ਵਿਚ ਨਾਟ-ਰਚਨਾ ਦੀ ਦੇਰੀ ਦਾ ਮੁੱਖ ਕਾਰਨਪੰਜਾਬੀ ਸੂਬੇ ਦਾ ਸਰਹੱਦੀ ਹੋਣਾ ਸੀ ਜਿਸ ਕਰਕੇ ਇਸ ਉਪਰ ਸਮੇਂ-ਸਮੇਂ ਹਮਲੇ ਹੁੰਦੇ ਰਹੇ। ਮੁਸਲਿਮ ਹਮਲੇ ਅਤੇ ਅਸ਼ਾਂਤੀ, ਸਾਹਿਤ ਪ੍ਰਤੀ ਅਣਗਹਿਲੀ, ਔਰੰਗਜੇਬ ਵਰਗੇ ਬਾਦਸ਼ਾਹਾਂ ਦੀ ਨਾਟਕ ਦਾ ਤੁਖਮ ਮਿਟਾਉਣ ਦੀ ਬਿਰਤੀ, ਸੰਸਕ੍ਰਿਤ ਨਾਟਕਾਂ ਦਾ ਮੁਸਲਮਾਨਾਂ ਤੋਂ ਪਹਿਲਾਂ ਹੀ ਖਤਮ ਤੇ ਅਲੋਪ ਹੋਣਾ ਕੁਝ ਹੋਰ ਵਿਸ਼ੇਸ਼ ਕਾਰਨ ਹਨ ਜਿਨ੍ਹਾਂ ਕਰਕੇ ਪੰਜਾਬੀ ਨਾਟਕ ਦੇਰ ਨਾਲ ਆਰੰਭ ਹੋ ਸਕਿਆ। ਇਸ ਪਿੱਛੋਂ ਸਿੱਖ ਰਾਜ ਕਾਲ ਵਿਚ ਵੀ ਨਾਟਕ ਪ੍ਰਫੁੱਲਤ ਨਾ ਹੋ ਸਕਿਆ ਕਿਉਂਕਿ ਉਹ ਇਕ ਤਾਂ ਸਿੱਖ ਸ਼ਾਸ਼ਕ ਨਾਟਕ ਚੇਟਕ ਦੇ ਉਂਜ ਹੀ ਵਿਰੁੱਧ ਸਨ ਅਤੇ ਦੂਜਾ ਪੰਜਾਬੀ ਸਰਕਾਰੀ ਬੋਲੀ ਨਾ ਬਣ ਸਕੀ ਤੇ ਤੀਜੇ ਸਿੱਖ ਰਾਜ ਬਹੁਤਾ ਸਮਾਂ ਰਹਿ ਹੀ ਨਾ ਸਕਿਆ। ਅਠਵੀਂ- ਨੌਂਵੀ ਸਦੀ ਤੋਂ ਲੈ ਕੇ ਅਠ੍ਹਾਰਵੀਂ-ਉੱਨੀਂਵੀਂ ਸਦੀ ਤਕ ਦੇ ਲੰਮੇ ਸਮੇ ਵਿਚ ਪੰਜਾਬੀ ਵਿਚ ਨਾਟਕ ਅਤੇ ਰੰਗਮੰਚ ਦਾ ਠੀਕ ਠੀਕ ਰੂਪ ਕੀ ਰਿਹਾ ਹੈ, ਇਸ ਬਾਰੇ ਕੋਈ ਪ੍ਰਮਾਣਿਕ ਜਾਂ ਇਤਿਹਾਸਿਕ ਵਰਣਨ ਪ੍ਰਾਪਤ ਨਹੀਂ ਹੁੰਦਾ।[2]

ਇਸੇ ਤਰ੍ਹਾਂ ਡਾ. ਸਤੀਸ਼ ਕੁਮਾਰ ਵਰਗਾ ਇਸ ਦਾ ਉਦਭਵ ਵਿਰਸੇ ਵਿੱਚੋਂ ਖੋਜਦਾ ਹੈ:-

‘‘ਪੰਜਾਬੀ ਨਾਟਕ ਦੇ ਬੀਜ ਭਾਰਤ ਦੀ ਸਨਾਤਨੀ ਅਤੇ ਪ੍ਰਾਚੀਨਤਮ ਨਾਟ-ਪਰੰਪਰਾ ਸੰਸਕ੍ਰਿਤ ਨਾਟ ਪਰੰਪਰਾ ਵਿੱਚ ਪਏ ਹਨ। ਪੂਰਬ ਵਿੱਚ ਭਰਤਮੁਨੀ ਨੇ ਨਾਟਯ-ਸ਼ਾਸ਼ਤਰ ਅਤੇ ਪੱਛਮ ਵਿੱਚ ਅਰਸਤੂ ਨੇ ਕਾਵਿ ਸ਼ਾਸ਼ਤਰ ਵਿੱਚ ਨਾਟ ਸਿਧਾਂਤਾ ਨੇ ਨਾਟ ਵਿਧਾ ਦੇ ਪ੍ਰਾਚੀਨ ਹੋਣ ਦਾ ਸਬੂਤ ਦਿੱਤਾ ਹੈ।’’[3]

ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਸਾਹਿਤ ਜਗਤ ਵਿੱਚ ਨਾਟਕ ਦੀ ਵਿਧਾ ਦਾ ਮੁੱਢ ਤੋਂ ਹੀ ਮਹੱਤਵਪੂਰਣ ਸਥਾਨ ਰਿਹਾ ਹੈ। ਵੀਹਵੀਂ ਸਦੀ ਦੇ ਦੂਜੇ ਦਹਾਕੇ ਵਿੱਚ ਆਈ.ਸੀ. ਨੰਦਾ ਵੱਲੋਂ ਆਪਣਾ ਪਹਿਲਾ ਨਾਟਕ ‘ਦੁਲਹਨ’ (1913) ਲਿਖੇ ਜਾਣ ਤੋਂ ਪੰਜਾਬੀ ਨਾਟਕ ਨੇ ਆਧੁਨਿਕ ਨਾਟਕ ਵਜੋਂ ਹੋਂਦ ਸਥਾਪਿਤ ਕੀਤੀ ਹੈ ਅਤੇ ਇਸ ਹੀ ਨਾਟਕ ਤੋਂ ਆਧੁਨਿਕ ਨਾਟ-ਪਰੰਪਰਾ ਦਾ ਆਰੰਭ ਹੁੰਦਾ ਹੈ ਇਸ ਅਧਾਰ ਤੇ ਪੰਜਾਬੀ ਨਾਟ-ਪਰੰਪਰਾ ਨੂੰ ਦੋ ਭਾਗਾਂ ਵਿੱਚ ਵੰਡ ਕੇ ਵੇਖ ਸਕਦੇ ਹਾਂ:-

ੳ) ਪੂਰਵ ਨੰਦਾ-ਕਾਲ ਦੀ ਪੰਜਾਬੀ ਨਾਟ-ਪਰੰਪਰਾ

ਅ) ਆਧੁਨਿਕ ਪੰਜਾਬੀ ਨਾਟ-ਪਰੰਪਰਾ

(ੳ) ਪੂਰਵ ਨੰਦਾ-ਕਾਲ ਦੀ ਪੰਜਾਬੀ ਨਾਟ-ਪਰੰਪਰਾ

ਪੂਰਵ ਲੰਦਾ-ਕਾਲ ਵਿੱਚ ਜਿਹੜੀਆਂ ਨਾਟ-ਧਾਰਨਾਵਾਂ ਕਾਰਜਸ਼ੀਲ ਸਨ, ਉਨ੍ਹਾਂ ਨੂੰ ਨਿਮਨ ਅਨੁਸਾਰ ਸਮਝਿਆ ਜਾ ਸਕਦਾ ਹੈ:-

1. ਸੰਸਕ੍ਰਿਤ ਨਾਟ-ਪਰੰਪਰਾ:

ਮੂਲ ਰੂਪ ਵਿੱਚ ਭਾਰਤੀ ਨਾਟ-ਪਰੰਪਰਾ ਨੂੰ ਹੀ ਸੰਸਕ੍ਰਿਤ ਨਾਟ-ਪਰੰਪਰਾ ਕਿਹਾ ਜਾਂਦਾ ਹੈ। ਇਹ ਵੀ ਗੌਰਵ ਵਾਲੀ ਗੱਲ ਹੈ ਕਿ ਸੰਸਕ੍ਰਿਤ ਨਾਟ-ਪਰੰਪਰਾ ਦਾ ਸਥਾਨ ਵਿਸ਼ਵ ਦੇ ਨਾਟ-ਇਤਿਹਾਸ ਵਿਸ ਸਭ ਤੋਂ ਉੱਪਰ ਹੈ। ਇਸ ਦਾ ਸਮਾਂ ਪਹਿਲੀ ਸਦੀ ਤੋਂ ਸੱਤਵੀਂ ਸਦੀ ਤੱਕ ਮੰਨਿਆਂ ਜਾਂਦਾ ਹੈ ਇਸ ਪਰੰਪਰਾ ਦਾ ਮੋਢੀ ਨਾਟਕਕਾਰ ਭਾਸ ਹੈ। ਇਸ ਤੋਂ ਇਲਾਵਾ ਕਾਲੀਦਾਸ, ਸ਼ੂਦਰਕ ਅਤੇ ਅਸ਼ਵਘੋਸ਼ ਜਿਹੇ ਨਾਟਕਕਾਰ ਵੀ ਵਿਸ਼ਵਪ੍ਰਸਿਧੀ ਨੂੰ ਪ੍ਰਾਪਤ ਹੋਏ ਹਨ ਪਰੰਤੂ ਵਿਸ਼ਵ ਪੱਧਰ ਤੇ ਵਿਖਿਆਤ ਸੰਸਕ੍ਰਿਤ ਨਾਟ-ਪਰੰਪਰਾ ਕੁਝ ਅੰਦਰੂਨੀ ਤੇ ਬਾਹਰੀ ਕਾਰਨਾਂ ਕਰਕੇ ਆਪਣੇ ਪਤਨ ਦਾ ਸ਼ਿਕਾਰ ਹੋ ਗਈ।

2. ਲੋਕ ਨਾਟ-ਪਰੰਪਰਾ:

ਗਿਆਰਵੀਂ ਸਦੀ ਵਿੱਚ ਸੰਸਕ੍ਰਿਤ ਨਾਟ-ਪਰੰਪਰਾ ਦੇ ਪਤਨ ਤੋਂ ਬਾਅਦ ਸੋਲਵੀਂ ਤੇ ਸਤਾਰਵੀ ਸਦੀ ਤੱਕ ਇਸ ਖਲਾਅ ਵਰਗੀ ਸਥਿਤੀ ਸੀ ਅਤੇ ਨਾਟਕ ਦੀ ਕਿਸੇ ਵਿਸ਼ਿਸ਼ਟ ਨਾਟ ਪਰੰਪਰਾ ਦਾ ਪ੍ਰਚਲਨ ਨਹੀਂ ਸੀ। ਜਿਸ ਕਰਕੇ ਕਿਸੇ ਬਝਵੀਂ ਪਰੰਪਰਾਂ ਦੀ ਅਣਹੋਂਦ ਸੀ। ਇਤਿਹਾਸਕ ਹਵਾਲੇ ਇਸ ਗੱਲ ਦਾ ਪ੍ਰਮਾਣ ਹਨ ਕਿ ਪੰਜਾਬ ਦੀ ਰਾਜਸੀ ਸਥਿਤੀ ਮੁੱਢ ਤੋਂ ਹੀ ਅਸਥਿਰਤਾ ਵਾਲੀ ਰਹੀ ਹੈ ਅਤੇ ਅਜਿਹੀ ਸਥਿਤੀ ਨਾਟਕ ਕਲਾ ਦੇ ਨਿਕਾਸ ਅਤੇ ਵਿਕਾਸ ਦੇ ਪ੍ਰਤੀਕੂਲ ਮੰਨੀ ਜਾਂਦੀ ਹੈ। ਇਸ ਦੇ ਬਾਵਜੂਦ ਨਾਟ ਜਗਤ ਵਿਚ ਕੁਝ ਨਾਟ-ਰੂਪ ਜਿਵੇ ਰਾਸ-ਲੀਲਾ, ਰਾਮ-ਲੀਲਾ, ਤਮਾਸ਼ਾ, ਸਾਂਗ, ਨਕਲਾਂ, ਨੋਟੰਕੀ ਆਦਿ ਮੁੱਢ ਤੋਂ ਹੀ ਪੰਜਾਬੀ ਲੋਕ ਮਾਨਸ ਦੇ ਜੀਵਨ ਵਿਚ ਆਤਮਸਾਤ ਹੋਣ ਕਰਕੇ ਸਿੰਧ ਘਾਟੀ ਦੇ ਸਮੇਂ ਤੋਂ ਲੈ ਕੇ ਵਰਤਮਾਨ ਸਮੇਂ ਤੱਕ ਨਿਰੰਤਰ ਰੂਪ ਵਿੱਚ ਜਾਰੀ ਰਹੇ।

3. ਈਸਾਈ ਮਿਸ਼ਨਰੀਆਂ ਦੀ ਦੇਣ:

ਪੰਜਾਬੀ ਨਾਟ-ਪਰੰਪਰਾ ਦੇ ਵਿਕਾਸ ਵਿੱਚ ਈਸਾਈ ਮਿਸ਼ਨਰੀਆਂ ਦਾ ਵਿਸ਼ੇਸ਼ ਯੋਗਦਾਨ ਹੈ। ਉਨੀਵੀਂ ਸਦੀ ਦੇ ਅੰਤ ਵਿੱਚ ਈਸਾਈ ਮਿਸ਼ਨਰੀਆਂ ਨੇ ਨਾਟ-ਗਤੀ ਵਿਧੀਆਂ ਆਰੰਭ ਕੀਤੀਆਂ। ਪੰਜਾਬੀ ਨਾਟ-ਸਾਹਿਤ ਵਿੱਚ ਐਸ.ਐਸ. ਬਚਿੰਤ ਦੁਆਰਾ ਪਹਿਲਾ ਲਿਖਤ ਲਘੂ ਨਾਟਕ 'ਮਲਕਾ ਅਸਤਰ' ਦਾ ਆਰੰਭ ਹੁੰਦਾ ਹੈ। ਨਾਟ-ਰੂਪ ਦੇ ਪੱਖ ਤੋਂ ਵੀ ਪੰਜਾਬੀ ਨਾਟ-ਵਿਕਾਸ ਯਾਤਰਾ ਵਿੱਚ ਇਸ ਨਾਟਕ ਨੂੰ ਵਿਸ਼ੇਸ਼ ਸਥਾਨ ਹਾਸਿਲ ਹੈ। ਪ੍ਰਸਿੱਧ ਵਿਦਵਾਨ ਡਾ. ਗੁਰਚਰਨ ਸਿੰਘ ਅਰਸ਼ੀ ਨੇ ਆਪਣੇ ਖੋਜ ਪ੍ਰਬੰਧ 'ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਈਸਾਈ ਮਿਸ਼ਨਰੀਆਂ ਦੀ ਦੇਣ' ਵਿੱਚ 'ਮਲਕਾ ਅਸਤਰ' ਨੂੰ ਪੰਜਾਬੀ ਦੇ ਪਹਿਲੇ ਨਾਟਕ ਵਜੋਂ ਸਵੀਕਾਰ ਕੀਤਾ ਹੈ।[4] ਇਸੇ ਤਰ੍ਹਾਂ ਇਸ ਸਮੇਂ ਦੌਰਾਨ ਰੰਗਮੰਚੀ ਗਤੀ ਵਿਧੀਆਂ ਦਾ ਵੇਰਵਾ ਪ੍ਰੋ. ਜੇ.ਸੀ. ਉਮਾਨ ਦੀ ਪੁਸਤਕ 'ਕਲਟਸ, ਕਸਟਮਜ਼ ਐਂਡ ਸੁਪਰਸਟੀਸ਼ਨਜ਼ ਆਫ਼ ਇੰਡੀਆ' ਵਿੱਚੋਂ ਮਿਲਦਾ ਹੈ। ਇਸ ਪੁਸਤਕ ਵਿੱਚ ਪੰਜ ਨਾਟ-ਰਚਨਾਵਾਂ 'ਅਲਾਦੀਨ ਦਾ ਲੈਂਪ', 'ਇੰਦਰ ਸਭਾ', 'ਪੂਰਨ ਭਗਤ', ਪ੍ਰਹਿਲਾਦ ਭਗਤ ਨਾਟਕ' ਅਤੇ 'ਸ਼ਰਾਬ ਕੌਰ' ਦੀਆਂ ਨਾਟ ਪੇਸ਼ਕਾਰੀਆਂ ਦਾ ਸਿਧਾਂਤਕ ਪੱਖ ਤੋਂ ਵਿਸਤ੍ਰਿਤ ਵੇਰਵਾ ਜਿਵੇਂ ਵਿਸ਼ਾ-ਵਸਤੂ, ਨਾਟਕੀ ਘਟਨਾਵਾਂ, ਭਾਸ਼ਾ, ਅਭਿਨੇਤਾਵਾਂ ਦਾ ਅਭਿਨੈ ਅਤੇ ਦਰਸ਼ਕ ਹੁੰਗਾਰਾ ਆਦਿ ਦਾ ਵਰਣਨ ਕੀਤਾ ਹੈ।

**4. ਪਾਰਸੀ ਰੰਗਮੰਚ:**

ਪਾਰਸੀ ਰੰਗਮੰਚ ਗਤੀਵਿਧੀਆਂ ਨੇ ਕੁਝ ਨਵੀਨ ਪਹਿਲ ਕਦੀਆਂ ਕਰਦੇ ਹੋਏ ਪੰਜਾਬੀ ਰੰਗਮੰਚ ਦੇ ਖੇਤਰ ਵਿਚ ਕੁਝ ਨਵੇਂ ਪ੍ਰਤੀਮਾਨ ਸਿਰਜੇ, ਜਿਸ ਨਾਲ ਪੰਜਾਬੀ ਨਾਟ ਵਿਕਾਸ ਵਿੱਚ ਅਚਾਨਕ ਤੇਜ ਹਲਚਲ ਪੈਦਾ ਹੋਈ। ਡਾ. ਸਤੀਸ਼ ਕੁਮਾਰ ਵਰਮਾ ਅਨੁਸਾਰ:-

ਪਾਰਸੀ ਰੰਗਮੰਚ ਇਕ ਅਜਿਹਾ ਰੰਗਮੰਚ ਹੈ ਜੋ ਪੱਛਮੀ ਨਾਟ-ਪਰੰਪਰਾ ਦੀ ਤਰਜ਼ ਤੇ ਆਪਣੇ ਨਾਟਕੀ ਅਤੇ ਰੰਗਮੰਚੀ ਪਰਿਪੇਖ ਦੀ ਸਿਰਜਣਾ ਕਰਦਾ ਹੈ ਅਤੇ ਇਹੀ ਪਾਰਸੀ ਰੰਗਮੰਚ ਪਰੰਪਰਾ ਲੋਕ ਨਾਟ-ਰੂਪਾਂ ਤੇ ਆਧੁਨਿਕ ਨਾਟਕ ਵਿਚ 1850 ਤੋਂ 1950 ਤੱਕ ਵਿਚੋਲੇ ਦੀ ਭੂਮਿਕਾ ਨਿਭਾਉਂਦੀ ਰਹੀ।[5]

ਪਾਰਸੀ ਨਾਟਕਾਰਾਂ ਨੇ ਪੰਜਾਬੀ ਜਨ ਮਾਨਸ ਦਾ ਅਧਿਐ ਕਰਕੇ ਇਸ ਦੀ ਮਾਨਸਿਕਤਾ ਦੇ ਅਨੁਕੂਲ ਵਿਸ਼ੇ ਵਸਤੂ ਨੂੰ ਆਪਣੇ ਨਾਟਕਾਂ ਦਾ ਆਧਾਰ ਬਣਾਇਆ। ਇਸ ਤਰ੍ਹਾਂ ਪਾਰਸੀ ਰੰਗਮੰਚ ਵਿਸ਼ੇ ਪੱਖ ਤੋਂ ਪੰਜਾਬੀ ਨਾਟਕ ਆਪਣੀ ਨਿਵੇਕਲੀ ਪਛਾਣ ਬਣਾਉਂਦਾ ਹੈ।

ਪੰਜਾਬੀ ਰੰਗ-ਜਗਤ ਵਿੱਚ 1909-10 ਵਿੱਚ ਲਾਹੌਰ ਵਿੱਚ ਆਗਾ ਹਸ਼ਰ ਅਤੇ ਮਾਸਟਰ ਰਹਿਮਤ ਦੀ ਅਗਵਾਈ ਵਿੱਚ ਪਾਰਸੀ ਨਾਟ-ਮੰਡਲੀਆਂ ਦੀਆਂ ਸਰਗਰਮੀਆਂ ਦਾ ਪੰਜਾਬੀ ਰੰਗਮੰਚ ਦੇ ਵਿਕਾਸ ਵਿੱਚ ਅਹਿਮ ਯੋਗਦਾਨ ਕਿਹਾ ਜਾ ਸਕਦਾ ਹੈ। ਭਾਸ਼ਾਈ ਪੱਖ ਤੋਂ ਪਾਰਸੀ ਨਾਟ ਮੰਡਲੀਆਂ ਦੇ ਨਿਰਦੇਸ਼ਕਾਂ ਨੇ ਇਕ ਜੁਗਤ ਤਹਿਤ ਨਾਟਕਾਂ ਵਿੱਚ ਪੰਜਾਬੀ ਝਾਕੀਆਂ ਨੂੰ ਸ਼ਾਮਿਲ ਕਰਨਾ ਆਰੰਭ ਕਰ ਦਿੱਤਾ। ਇਸਦੇ ਸਿੱਟੇ ਵਜੋਂ ਪਾਰਸੀ ਨਾਟਕ ਦੀਆਂ ਪੇਸ਼ਕਾਰੀਆਂ ਨੂੰ ਦਰਸ਼ਕਾਂ ਵੱਲੋਂ ਭਰਪੂਰ ਸਮਰਥਨ ਪ੍ਰਾਪਤ ਹੋਣ ਲੱਗਾ।

5. ਪੱਛਮੀ ਨਾਟ-ਪਰੰਪਰਾ ਦਾ ਪ੍ਰਭਾਵ:

ਕੁਝ ਨਾਟ-ਵਿਦਵਾਨ ਪੰਜਾਬੀ ਨਾਟਕ ਦਾ ਆਰੰਭ ਅੰਗਰੇਜ਼ਾਂ ਦੀ ਆਮਦ ਨਾਲ ਹੋਇਆ ਮੰਨਦੇ ਹਨ। ਇਸ ਦਾ ਕਾਰਨ ਹੈ ਕਿ ਪੰਜਾਬੀ ਨਾਟਕ ਦੀ ਵਿਧੀਵਤ ਰੂਪ-ਰੇਖਾ ਅੰਗਰੇਜ਼ਾਂ ਤੋਂ ਪਿਛੋਂ ਹੀ ਆਈ।

ਗੁਰਦਿਆਲ ਸਿੰਘ ਫੁੱਲ ਅਨੁਸਾਰ:

ਅੰਗਰੇਜ਼ਾਂ ਦੇ ਪੰਜਾਬ ਉਪਰ ਕਬਜ਼ੇ ਤੋਂ ਬਾਅਦ ਪੰਜਾਬ ਦੀ ਸਮਾਜਿਕ ਅਤੇ ਰਾਜਸੀ ਸਥਿਤੀ ਵਿਚ ਭਾਰੀ ਤਬਦੀਲੀ ਆਈ। ਅੰਗਰੇਜ਼ੀ ਭਾਸ਼ਾ ਵਿਚ ਪੱਛਮੀ ਵਿਦਿਆ ਦਾ ਪਾਸਾਰ ਤੇ ਈਸਾਈ ਮਿਸ਼ਨਰੀਆਂ ਦੇ ਵੱਧ ਰਹੇ ਧਾਰਮਿਕ ਪ੍ਰਭਾਵ ਦੇ ਪ੍ਰਤੀਕਰਮ ਵਿਚ ਸਿੰਘ ਸਭਾ ਲਹਿਰ, ਬ੍ਰਹਮੋ ਸਮਾਜ ਅਤੇ ਮੁਸਲਿਮ ਲੀਗ ਆਦਿ ਸੰਗਠਨ ਹੋਂਦ ਵਿੱਚ ਆ ਗਏ ਸਨ।[6]

ਪੱਛਮੀ ਵਿਦਿਆ ਦਾ ਪਾਸਾਰ ਅਤੇ ਧਾਰਮਿਕ ਖਿੱਚੋਂ ਤਾਣ ਦੇ ਨਤੀਜੇ ਵਜੋਂ ਮਾਂ ਬੋਲੀ ਦੀ ਪਛਾਣ ਹੋਣ ਲੱਗੀ। ਪੰਜਾਬੀ ਨਾਟਕ ਦੇ ਆਰੰਭ ਵਾਂਗ ਪਹਿਲੇ ਪੰਜਾਬੀ ਨਾਟਕ ਸੰਬੰਧੀ ਵੀ ਵਿਦਵਾਨਾਂ ਦੀ ਅਲੱਗ-ਅਲੱਗ ਰਾਇ ਹੈ ਡਾ. ਨਵਨਿੰਦਰਾ ਬਹਿਲ ਗਿਆਨੀ ਦਿੱਤ ਸਿੰਘ ਦੇ 'ਸੁਪਨ ਨਾਟਕ' ਨੂੰ ਅਤੇ ਡਾ. ਹਰਚਰਨ ਸਿੰਘ ਗਿਆਨੀ ਦਿੱਤੀ ਸਿੰਘ ਰਚਿਤ ਰਾਜਾ ਪ੍ਰਬੋਧ ਚੰਦਰ (1885) ਅਤੇ ਸੁਪਨ ਨਾਟਕ (1886) ਅਤੇ ਕੁਝ ਨਾਟ ਆਲੋਚਕ 'ਚੰਦਰ ਹਰੀ' ਕ੍ਰਿਤ ਬਾਵਾ ਬੁੱਧ ਸਿੰਘ ਅਤੇ ਕੁਝ 'ਰਾਜਾ ਲਖਦਾਤਾ ਸਿੰਘ' ਨਾਲ ਪੰਜਾਬੀ ਨਾਟਕ ਦਾ ਆਰੰਭ ਮੰਨਦੇ ਹਨ। ਡਾ. ਗੁਰਚਰਨ ਸਿੰਘ ਅਰਸ਼ੀ ਅਨੁਸਾਰ:-

''ਚੰਦਰ ਹਰੀ ਦਾ ਪ੍ਰਕਾਸ਼ਨ ਸੰਨ 'ਰਾਜਾ ਲਖਦਾਤਾ ਸਿੰਘ' ਤੋਂ ਪਹਿਲਾ ਹੈ। ਇਸ ਲਈ ਚੰਦਰ ਹਰੀ ਨੂੰ ਪਹਿਲਾ ਪੰਜਾਬੀ ਮੌਲਿਕ ਨਾਟਕ ਮੰਨਿਆ ਜਾ ਸਕਦਾ ਹੈ।''[7]

ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿੱਚ ਭਾਈ ਮੋਹਨ ਸਿੰਘ ਵੈਦ ਦਾ 'ਬਿਰਧ ਵਿਆਹ ਦੁਰਦਸ਼ਾ (1904), ਭਾਈ ਵੀਰ ਸਿੰਘ ਦਾ 'ਜ਼ੈਨਾ ਦਾ ਵਿਰਲਾਪ' (1904) ਬਾਵਾ ਬੁਧ ਸਿੰਘ ਦਾ 'ਚੰਦਰ ਹਰੀ' (1909), ਭਾਈ ਵੀਰ ਸਿੰਘ ਦਾ 'ਰਾਜਾ ਲਖਦਾਤਾ ਸਿੰਘ' (1910) ਅਰੂੜ ਸਿੰਘ ਤਾਇਬ ਦਾ 'ਸੁੱਕਾ ਸਮੁੰਦਰ' (1911) ਅਤੇ ਗੁਰਬਖਸ਼ ਸਿੰਘ ਦਾ 'ਮਨਮੋਹਨ ਨਾਟਕ' (1912) ਪ੍ਰਾਪਤ ਹੁੰਦੇ ਹਨ। ਇਨ੍ਹਾਂ ਨਾਟਕਾਂ ਦੇ ਵਿਸ਼ੇ ਵਸਤੂ ਦਾ ਘੇਰਾ ਮੱਧਵਰਗੀ ਸਰੋਕਾਰਾਂ ਤਕ ਹੀ ਸੀਮਤ ਸੀ। ਇਹ ਨਾਟਕ ਰੰਗਮੰਚੀ ਦ੍ਰਿਸ਼ਟੀ ਤੋਂ ਜ਼ਿਆਦਾ ਅਨੁਕੂਲ ਨਹੀਂ ਸਨ।

ਇਸ ਲਈ ਅਸੀਂ ਦੋ ਨਤੀਜਿਆਂ ਤੇ ਪਹੁੰਚਦੇ ਹਾਂ। ਪਹਿਲਾਂ ਇਹ ਕਿ ਪੰਜਾਬੀ ਨਾਟਕ ਵੀਹਵੀਂ ਸਦੀ ਦੀ ਉਪਜ ਹੈ। ਉਨੀਂਵੀ ਸਦੀ ਵਿਚ ਲਿਖਿਆ ਪੰਜਾਬੀ ਨਾਟਕ ਉਪਲਬਧ ਨਹੀਂ ਹੈ। ਵੀਹਵੀਂ ਸਦੀ ਦੇ ਆਰੰਭ ਵਿਚ ਕੁਝ ਕੁ ਸਾਹਿਤਕਾਰਾਂ ਨੇ ਅੰਗਰੇਜ਼ੀ ਤੇ ਸੰਸਕ੍ਰਿਤ ਦੇ ਨਾਟਕਾਂ ਦੇ ਅਨੁਵਾਦ ਰਾਹੀਂ ਪੰਜਾਬੀ ਨਾਟਕ ਦੀ ਨੀਂਹ ਰੱਖੀ। ਉਨੀਂਵੀਂ ਸਦੀ ਤਕ ਮਿਲਦੀਆਂ ਨਾਟ-ਰਚਨਾਵਾਂ ਦਾ ਹਿੰਦੀ ਤੇ ਬ੍ਰਿਜ ਭਾਸ਼ਾ ਦਾ ਮਿਸ਼ਰਣ ਹੋਣ ਕਾਰਨ ਪੂਰਨ ਰੂਪ ਵਿਚ ਨਾਟਕ ਅਖਵਾਉਣ ਦੀਆਂ ਹੱਕਦਾਰ ਨਹੀਂ। ਪੰਜਾਬੀ ਨਾਟਕ ਦੇ ਜਨਮ ਤੇ ਵਿਕਾਸ ਵਿਚ ਬੰਗਾਲੀਆਂ ਦਾ ਯੋਗਦਾਨ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਵੀਹਵੀਂ ਸਦੀ ਦੇ ਆਰੰਭਿਕ ਸਾਲਾਂ ਵਿਚ ਲਾਹੌਰ ਵਿਚ ਬੰਗਾਲੀ ਕਰਮਚਾਰੀਆਂ ਦੀ ਗਿਣਤੀ ਕਾਫੀ ਸੀ। ਉਹ ਦੁਰਗਾ ਪੂਜਾ ਦੇ ਤਿਓਹਾਰ ਤੇ ਨਾਟਕ ਖੇਡਦੇ ਹੁੰਦੇ ਸਨ ਜਿਸਦਾ ਸਿੱਧਾ ਅਸਰ ਪੰਜਾਬੀ ਨਾਟਕ ਤੇ ਪਿਆ। ਉਨੀਵੀਂ ਸਦੀ ਦੇ ਪਿੱਛਲੇ ਦੋ ਦਹਾਕਿਆਂ ਵਿਚ ਸਥਾਪਿਤ ਹੋਏ ਗੋਰਮਿੰਟ ਕਾਲਿਜ ਲਾਹੌਰ ਅਤੇ ਪੰਜਾਬ ਯੂਨੀਵਰਸਿਟੀ ਨੇ ਵੀ ਪੰਜਾਬੀ ਨਾਟਕ ਦੀ ਉਪਜ ਵਿਚ ਸਾਰਥਿਕ

ਹਿੱਸਾ ਪਾਇਆ ਕਿਉਂਕਿ ਇਨ੍ਹਾਂ ਸੰਸਥਾਵਾਂ ਦੇ ਅਧਿਆਪਕਾਂ ਅਤੇ ਕਾਲਜ ਕਲੱਬਾਂ ਵਲੋਂ ਅੰਗਰੇਜ਼ੀ ਨਾਟਕ ਖੇਡੇ ਜਾਂਦੇ ਸਨ।

ਇਸ ਲਈ ਕਿਹਾ ਜਾ ਸਕਦਾ ਹੈ ਕਿ ਪੂਰਵ ਨੰਦਾ ਕਾਲ ਵਿਚ ਨਾਟਕੀ ਰੂਪ ਪੈਦਾ ਹੋ ਚੁੱਕਾ ਸੀ ਅਤੇ ਇਨ੍ਹਾਂ ਸਾਰੇ ਕਾਰਨਾਂ ਦਾ ਪ੍ਰਭਾਵ ਪੰਜਾਬੀ ਨਾਟਕ ਨੇ ਨਿਸ਼ਚੇ ਹੀ ਕਬੂਲਿਆ ਹੈ।

(ਅ) ਆਧੁਨਿਕ ਨਾਟ-ਪਰੰਪਰਾ:

ਇਸ ਪ੍ਰਕਾਰ ਇਹ ਸਪਸ਼ਟ ਹੋ ਜਾਂਦਾ ਹੈ ਕਿ ਵੀਹਵੀਂ ਸਦੀ ਦੇ ਪਹਿਲੇ ਦੋ ਦਹਾਕਿਆਂ ਤੱਕ ਕਈ ਨਾਟ ਧਾਰਵਾਂ ਪ੍ਰਚਲਤ ਹੋ ਚੁਕੀਆਂ ਸਨ। ਅਸਲ ਵਿੱਚ ਸ਼੍ਰੀ ਮਤੀ ਨੋਰਾ ਰਿਚਰਡਜ਼ ਦੇ ਯਤਨਾਂ ਸਦਕਾ ਪੰਜਾਬੀ ਨਾਟਕ ਖੇਤਰ ਵਿਚ ਪਰਿਵਰਤਨ ਆਉਂਦਾ ਹੈ। ਜਿਸ ਦੇ ਨਤੀਜੇ ਵਜੋਂ ਆਈ.ਸੀ. ਨੰਦਾ ਨੇ ਰੰਗਮੰਚ ਦੀ ਤਕਨੀਕ ਤੇ ਪੂਰਾ ਉਤਰਦਾ ਨਾਟਕ ਦੁਲਹਨ (1913) ਲਿਖਿਆ। ਇਸੇ ਨੂੰ ਪਹਿਲਾ ਆਧੁਨਿਕ ਪੰਜਾਬੀ ਨਾਟਕ ਮੰਨਿਆਂ ਜਾਂਦਾ ਹੈ ਆਈ.ਸੀ. ਨੰਦਾ ਨੇ 1914 ਵਿੱਚ 'ਬੇਬੇ ਰਾਮ ਭਜਨੀ' ਇਕਾਂਗੀ, 1920 ਵਿਚ 'ਸੁਭੱਦਰਾ' ਪੂਰਾ ਨਾਟਕ ਦੀ ਰਚਨਾ ਕੀਤੀ। ਇਸ ਤਰ੍ਹਾਂ ਪੰਜਾਬੀ ਵਿਚ ਆਧੁਨਿਕ ਪੰਜਾਬੀ ਦਾ ਨਿਰੋਲ ਰੂਪ ਵਿਚ ਪੱਛਮੀ ਵਿਚਾਰ ਤੇ ਤਕਨੀਕ ਤੋਂ ਪੈਦਾ ਹੋਇਆ ਹੈ।[8]

ਇੰਜ ਆਧੁਨਿਕ ਮੂੰਹ ਮੁਹਾਂਦਰੇ ਵਾਲਾ ਨਾਟਕ ਅਤੇ ਥੀਏਟਰ ਨੋਰਾ ਰਿਚਰਡਜ਼ ਦੀ ਪ੍ਰੇਰਨਾ ਨਾਲ ਆਰੰਭ ਹੁੰਦਾ ਹੈ। ਉਹ 1911 ਵਿਚ ਆਪਣੇ ਪਤੀ ਨਾਲ ਆਇਰਲੈਂਡ ਤੋਂ ਲਾਹੌਰ ਆਈ ਸੀ। ਉਸ ਉਪਰ ਨਾਰਵੇ ਦੇ ਪ੍ਰਸਿੱਧ ਸਿਧਾਂਤਕਾਰ ਹੈਨਰਿਕ ਇਬਸਨ ਦੇ ਯਥਾਰਥਵਾਦ ਦਾ ਅਤੇ ਆਇਲੈਂਡ ਵਿਚਲੀ ਲੋਕ ਨਾਟਕ ਲਹਿਰ ਦਾ ਪ੍ਰਭਾਵ ਸੀ। ਉਹ ਪ੍ਰਚਿਲਤ ਪੰਜਾਬੀ ਨਾਟਕ ਅਤੇ ਰੰਗਮੰਚ ਦੀ ਪਰੰਪਰਾ ਨੂੰ ਪੱਛਮ ਦੀ ਯਥਾਰਥਵਾਦੀ ਨਾਟ-ਪਰੰਪਰਾ ਦੇ ਅਨੁਕੂਲ ਨਵੇਂ ਮੁਹਾਂਦਰੇ ਵਿਚ ਤਬਦੀਲ ਕਰਨ ਲਈ ਉਤਸ਼ਾਹਿਤ ਸੀ। ਇਸ ਇਰਾਦੇ ਨਾਲ ਉਸ ਨੇ 1912 ਵਿਚ ਨਾਟ-ਲੇਖਣ ਮੁਕਾਬਲੇ ਕਰਵਾਉਣ ਦੀ ਯੋਜਨਾ ਉਲੀਕੀ। ਪਹਿਲੇ ਸਾਲ ਵਿਚ ਐਸ. ਐਸ. ਭਟਨਾਗਰ ਦੁਆਰਾ ਲਿਖਿਆ ਉਰਦੂ ਦਾ ਇਕਾਂਗੀ 'ਕਰਾਮਾਤ' ਨਾਟਕ ਰਚਨਾ ਪ੍ਰਤੀਯੋਗਤਾ ਵਿਚ ਪ੍ਰਥਮ ਰਿਹਾ। 1913 ਈ. ਵਿਚ ਆਈ. ਸੀ. ਨੰਦਾ ਦਾ ਇਕਾਂਗੀ 'ਦੁਲਹਨ' ਅਤੇ ਤੀਜੇ ਸਾਲ 1914 ਵਿਚ ਰਾਜਿੰਦਰ ਲਾਲ ਸਾਹਨੀ ਦਾ ਇਕਾਂਗੀ 'ਦੀਨੇ ਦੀ ਬਰਾਤ' ਪਹਿਲੇ ਨੰਬਰ ਤੇ ਆਇਆ। ਇਉਂ ਪੰਜਾਬੀ ਨਾਟਕ ਵਿਚ ਰੰਗਮੰਚੀ ਦ੍ਰਿਸ਼ਟੀ ਤੋਂ ਇਕਾਂਗੀ ਲਿਖਣ ਦੀ ਸ਼ੁਰੂਆਤ ਹੋਈ। 1914 ਈ. ਵਿੱਚ 'ਦੁਲਹਨ' ਮੰਚ ਉਪਰ ਸਫਲਤਾ ਸਹਿਤ ਪੇਸ਼ ਕੀਤਾ ਗਿਆ। ਨੋਰਾ ਰਿਚਰਡਜ਼ ਦੀ ਪ੍ਰੇਰਨਾ ਨਾਲ ਉਸ ਨੇ ਆਪਣੀ ਸ਼ੌਕੀਆਂ ਨਾਟ ਮੰਡਲੀ ਰਾਹੀਂ ਲਾਹੌਰ ਵਿੱਚ ਲਗਾਤਾਰ ਤਿੰਨ ਦਿਨ 'ਵਰ ਘਰ' ਖੇਡਿਆ ਇਉਂ ਉਸ ਨੇ ਸਮਕਾਲੀ ਸਮਾਜਿਕ ਸਮੱਸਿਆ ਨੂੰ ਆਪਣੇ ਨਾਟਕਾਂ ਦਾ ਵਿਸ਼ਾ ਬਣਾਇਆ ਅਤੇ ਇਨ੍ਹਾਂ ਵਿਸ਼ਿਆਂ ਦਾ ਨਿਭਾਅ ਬੜੇ ਯਥਾਰਥਕ ਢੰਗ ਨਾਲ ਕੀਤਾ। ਹੈਨਰਿਕ ਇਬਸਨ ਦੀ ਯਥਾਰਥਵਾਦੀ ਰੁਚੀ ਦਾ ਪ੍ਰਭਾਵ ਉਸ ਉਤੇ ਪ੍ਰਤੱਖ ਉੱਘੜ ਕੇ ਸਾਹਮਣੇ ਆਉਂਦਾ ਹੈ। ਆਈ. ਸੀ. ਨੰਦਾ ਪੰਜਾਬੀ ਦਾ ਪਹਿਲਾ ਨਾਟਕਕਾਰ ਹੈ ਜਿਸਨੇ ਪੱਛਮ ਵਿਚ ਆਧੁਨਿਕ ਯਥਾਰਥਵਾਦੀ ਤੇ ਸਮਕਾਲੀ ਜੀਵਨ ਦੇ ਪ੍ਰਚਲਿਤ ਮਸਲਿਆਂ ਨੂੰ ਆਪਣੇ ਨਾਟਕਾਂ ਦਾ ਵਿਸ਼ਾ ਬਣਾਇਆ ਅਤੇ ਪਾਤਰ ਆਮ ਜੀਵਨ ਵਿਚੋਂ ਲਏ। ਇਸ ਤਰ੍ਹਾਂ ਉਸਨੇ ਪੰਜਾਬੀ ਨਾਟਕ ਨੂੰ ਆਧੁਨਿਕ ਅਰਥਾਂ ਵਿਚ ਪਾਰਸੀ ਰੰਗਮੰਚ ਦੀਆਂ ਭੜਕੀਲੀਆਂ ਪੁਸ਼ਾਕਾਂ ਸ਼ੋਖ ਮੇਕਅਪ, ਬਨਾਵਟੀ ਅਦਾਕਾਰੀ, ਆਦਿ ਤੋਂ ਨਿਜਾਤ ਦਿਵਾਕੇ ਸਾਧਾਰਨ ਮੰਚ ਤੇ ਯਥਾਰਥਵਾਦੀ ਮੰਚ ਦਿੱਤਾ। ਇਹ ਵੀ ਕਿਹਾ ਜਾ ਸਕਦਾ ਹੈ ਕਿ ਆਈ. ਸੀ. ਨੰਦਾ ਵਲੋਂ ਪੰਜਾਬੀ ਨਾਟਕ ਦੇ ਗਤੀਸ਼ੀਲ ਰਿਸ਼ਤੇ ਨੂੰ ਸਮਕਾਲੀ ਸਮਾਜਿਕ ਯਥਾਰਥ ਨਾਲ ਜੋੜਨ ਦਾ ਮੁਢਲਾ ਪ੍ਰਯਾਸ ਕਰਨ ਕਰਕੇ ਉਸ ਨੂੰ ਆਧੁਨਿਕ ਪੰਜਾਬੀ ਨਾਟਕਕਾਰੀ ਦਾ ਮੋਢੀ ਨਾਟਕਕਾਰ ਦਾ ਰੁਤਬਾ ਪ੍ਰਾਪਤ ਹੁੰਦਾ ਹੈ।

ਇਸ ਸਮੇਂ ਦੌਰਾਨ ਪੰਜਾਬੀ ਨਾਟਕਕਾਰੀ ਨੇ ਵਿਸ਼ੇ ਤੇ ਰੂਪ ਪੱਖੋਂ ਕਈ ਨਵੇਂ ਪੜਾਅ ਤੈਅ ਕੀਤੇ। ਪੰਜਾਬੀ ਨਾਟ ਪਰੰਪਰਾ ਨੂੰ ਤਿੰਨ ਨਾਟ-ਦੌਰ ਬਣਾ ਕੇ ਸਮਝਿਆ ਜਾ ਸਕਦਾ ਹੈ।

1) 1913-60 ਈ. ਦਾ ਯਥਾਰਯਵਾਦੀ ਦੌਰ
2) 1960-90 ਈ. ਦਾ ਪੱਛਮ ਦੀਆਂ ਨਵੀਆਂ ਸ਼ੈਲੀਆਂ ਉੱਤੇ ਆਧਾਰਿਤ ਪ੍ਰਯੋਗਵਾਦੀ ਦੌਰ
3) 1990 ...... ਹੁਣ ਤੱਕ ਵਿਸ਼ਵੀਕਰਨ ਜਿਹੇ ਅੰਤਰਰਾਸ਼ਟਰੀ ਵਰਤਾਇਆ ਨੂੰ ਅੰਗੀਕਾਰ ਕਰਨ ਵਾਲਾ ਨਵੀਨ ਦੌਰ

ਇੰਜ ਆਈ.ਸੀ. ਨੰਦਾ ਤੋਂ ਆਰੰਭ ਹੋਈ ਆਧੁਨਿਕ ਪੰਜਾਬੀ ਨਾਟਧਾਰਾ ਦਾ ਮੌਜੂਦਾ ਵਿਕਸਿਤ ਰੂਪ ਨਾਟਕਕਾਰੀ ਦੀ ਦ੍ਰਿਸ਼ਟੀ ਤੋਂ ਨਿਮਨ ਅਨੁਸਾਰ ਸਮਝਿਆ ਜਾ ਸਕਦਾ ਹੈ। ਜਿਸ ਅਨੁਸਾਰ ਪੰਜਾਬੀ ਨਾਟਕਕਾਰੀ ਦੀਆਂ ਚਾਰ ਪੀੜ੍ਹੀਆਂ ਦੇ ਪ੍ਰਤੀਨਿੱਧ ਨਾਟਕਕਾਰਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ:-

**ਪਹਿਲੀ ਪੀੜ੍ਹੀ ਦੇ ਪ੍ਰਤੀਨਿਧ ਨਾਟਕਕਾਰ**:

ਆਈ.ਸੀ. ਨੰਦਾ ਨੇ 1913 ਵਿੱਚ ਦੁਲਹਨ, ਹਰਚਰਨ ਸਿੰਘ ਨੇ 1937 ਵਿੱਚ ਕਮਲਾ ਕੁਮਾਰੀ, ਗੁਰਦਿਆਲ ਸਿੰਘ ਫੁੱਲ ਨੇ 1938 ਵਿਚ ਪਿਤਾ ਪਿਆਰ, ਕਰਤਾਰ ਸਿੰਘ ਦੁੱਗਲ ਨੇ 1941 ਵਿਚ ਇਕ ਸਿਫਰ ਸਿਫਰ ਇਕਾਂਗੀ ਸੰਗ੍ਰਹਿ, ਬਲਵੰਤ ਗਾਰਗੀ ਨੇ 1944 ਵਿਚ ਲੋਹਾ ਕੁੱਟ, ਗੁਰਦਿਆਲ ਸਿੰਘ ਖੋਸਲਾ ਨੇ 1944 ਵਿਚ ਬੂਹੇ ਬੈਠੀ ਧੀ, ਸੰਤ ਸਿੰਘ ਸੇਖੋਂ ਨੇ 1945 ਵਿਚ ਕਲਾਕਾਰ, ਆਦਿ ਨਾਟ–ਰਚਨਾਵਾਂ ਨਾਲ ਨਾਟ–ਸਿਰਜਣਾ ਆਰੰਭ ਕੀਤੀ। ਇਨ੍ਹਾਂ ਨਾਟਕਕਾਰਾਂ ਨੇ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਲਿਖਣਾ ਆਰੰਭ ਕਰ ਦਿੱਤਾ ਸੀ। ਇਨ੍ਹਾਂ ਨਾਟਕਕਾਰਾਂ ਨੇ ਪੱਛਮ ਦੀ ਯਥਾਰਥਵਾਦੀ ਨਾਟ–ਪਰੰਪਰਾ ਨੂੰ ਆਧਾਰ ਬਣਾ ਕੇ ਨਾਟ–ਸਿਰਜਣਾ ਕੀਤੀ। ਇੰਜ ਪੰਜਾਬੀ ਨਾਟਕ ਵਿਚ ਸਮਾਜਿਕ ਯਥਾਰਥ ਦੀ ਪੇਸ਼ਕਾਰੀ ਕੀਤੀ ਜਾਣ ਲੱਗੀ। ਇਸ ਹੀ ਕਾਲ ਦੌਰਾਨ ਅੰਗਰੇਜ਼ ਸ਼ਾਸਨ ਦੇ ਵਿਰੁੱਧ ਲੋਕਾਂ ਵਿਚ ਸਭਿਆਚਾਰਕ ਜਾਗ੍ਰਿਤੀ ਲਿਆਉਣ ਲਈ 1943 ਵਿਚ ਇੰਡੀਅਨ ਪੀਪਲਜ਼ ਥੀਏਟਰ ਐਸੋਸੀਏਸ਼ਨ (ਇਪਟਾ) ਹੋਂਦ ਵਿਚ ਆਈ। ਇਸ ਨੇ ਵੀ 1960 ਤਕ ਸਰਗਰਮੀ ਨਾਲ ਥੀਏਟਰ ਕੀਤਾ ਤੇ ਉਸ ਦੇ ਰੰਗਕਰਮੀਆਂ ਨੇ ਪੰਜਾਬ ਦੇ ਲੋਕ ਗੀਤਾਂ, ਲੋਕ ਧੁਨੀਆਂ, ਲੋਕ ਨਾਟ–ਰੂਪਾਂ ਦੀ ਮਦਦ ਨਾਲ ਲੋਕ–ਚੇਤਨਾ ਪੈਦਾ ਕਰਨ ਦਾ ਯਤਨ ਕੀਤਾ। ਇਸ ਦੇ ਪ੍ਰਮੁੱਖ ਨਾਟਕਕਾਰਾਂ ਵਿਚ ਸ਼ੀਲਾ ਭਾਟੀਆ, ਜੋਗਿੰਦਰ ਬਾਹਰਲਾ, ਜਗਦੀਸ਼ ਫਰਿਆਦੀ, ਤੇਰਾ ਸਿੰਘ ਚੰਨ, ਹੁਕਮ ਚੰਦ ਖਲੀਲੀ, ਹਰਨਾਮ ਸਿੰਘ ਨਰੂਲਾ, ਨਰਿੰਦਰ ਦੁਸਾਂਝ ਆਦਿ ਦੇ ਨਾਵਾਂ ਦਾ ਵਿਸ਼ੇਸ਼ ਉਲੇਖ ਕੀਤਾ ਜਾਂਦਾ ਹੈ।

**ਦੂਜੀ ਪੀੜ੍ਹੀ ਦੇ ਪ੍ਰਤੀਨਿਧ ਨਾਟਕਕਾਰ**:

ਦੂਜੀ ਪੀੜ੍ਹੀ ਦਾ ਰਚਨਾ ਕਾਲ 1960 ਤੋਂ ਮੰਨਿਆ ਜਾਂਦਾ ਹੈ। ਇਸ ਪੀੜ੍ਹੀ ਦੇ ਨਾਟਕਕਾਰਾਂ ਵਿਚ ਸੁਰਜੀਤ ਸਿੰਘ ਸੇਠੀ, ਕਪੂਰ ਸਿੰਘ ਘੁੰਮਣ, ਹਰਸਰਨ ਸਿੰਘ, ਗੁਰਚਰਨ ਸਿੰਘ ਜਸੂਜਾ , ਪਰਿਤੋਸ਼ ਗਾਰਗੀ, ਅਮਰੀਕ ਸਿੰਘ, ਰੋਸ਼ਨ ਲਾਲ ਅਹੂਜਾ, ਪਾਂਧੀ ਨਨਕਾਣਵੀ, ਪ੍ਰੋ. ਬਲਬੀਰ ਸਿੰਘ ਆਦਿ ਦੇ ਨਾਮ ਪ੍ਰਮੁੱਖ ਨਾਟਕਕਾਰਾਂ ਦੇ ਰੂਪ ਵਿਚ ਪੰਜਾਬੀ ਨਾਟ–ਜਗਤ ਵਿਚ ਆਪਣੀ ਪਛਾਣ ਬਣਾਉਂਦੇ ਹਨ। ਸੁਰਜੀਤ ਸਿੰਘ ਸੇਠੀ ਐਬਸਰਡ ਥੀਏਟਰ ਦੇ ਸੰਕਲਪ ਰਾਹੀਂ ਅਤੇ ਕਪੂਰ ਸਿੰਘ ਘੁੰਮਣ ਪ੍ਰਯੋਗਵਾਦੀ ਨਾਟਕਾਂ ਰਾਹੀਂ ਗੈਰਯਥਾਰਥਵਾਦੀ ਨਾਟ–ਸ਼ੈਲੀ ਰਾਹੀਂ ਪੰਜਾਬੀ ਨਾਟਕ ਦੇ ਵਿਕਾਸ ਵਿਚ ਨਵੇਂ ਪ੍ਰਤੀਮਾਨ ਸਿਰਜਦੇ ਹਨ। ਇਸ ਕਾਲ ਦੌਰਾਨ ਕੁਝ ਮਹੱਤਵਪੂਰਨ ਘਟਨਾਵਾਂ ਘਟੀਆਂ ਜਿਨ੍ਹਾਂ ਨੇ ਪੰਜਾਬੀ ਨਾਟ–ਜਗਤ ਨੂੰ ਸਿੱਧੇ ਜਾਂ ਅਸਿੱਧੇ ਤੌਰ ਤੇ ਪ੍ਰਭਾਵਿਤ ਕੀਤਾ। ਸੰਨ 1966 ਵਿਚ ਪੰਜਾਬੀ ਸੂਬਾ ਹੋਂਦ ਵਿਚ ਆ ਗਿਆ। ਇਕ ਪਾਸੇ 1962 ਵਿਚ ਚੀਨ ਦੀ ਲੜਾਈ ਤੋਂ ਬਾਅਦ ਕਮਿਊਨਿਸਟ ਪਾਰਟੀ ਦੋਫਾੜ ਹੋ ਜਾਣ ਕਾਰਨ ਇਪਟਾ ਗਤੀਹੀਣ ਹੋ ਚੁੱਕੀ ਸੀ। ਦੂਜੇ ਪਾਸੇ ਇਸੇ ਸਾਲ 1962 ਵਿਚ ਚੰਡੀਗੜ੍ਹ ਵਿਚ ਟੈਗੋਰ ਥੀਏਟਰ ਦੀ ਸਥਾਪਨਾ ਦਾ ਹੋਣਾ ਅਤੇ ਭਾਸ਼ਾ ਵਿਭਾਗ ਪੰਜਾਬ ਵਲੋਂ ਨਾਟ–ਮੁਕਾਬਲੇ ਕਰਵਾਉਣ ਦੀ ਯੋਜਨਾ ਨੇ ਪੰਜਾਬ ਵਿਚ ਨਾਟਕੀ ਗਤੀਵਿਧੀਆਂ ਨੂੰ ਤੇਜ਼ ਕਰਨ ਵਿਚ ਮਦਦ ਕੀਤੀ। ਇਸ ਦੇ ਨਾਲ ਨਾਲ ਪੰਜਾਬ ਵਿਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦਾ ਥੀਏਟਰ ਵਿਭਾਗ ਬਲਵੰਤ ਗਾਰਗੀ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦਾ ਥੀਏਟਰ ਵਿਭਾਗ ਸੁਰਜੀਤ ਸਿੰਘ ਸੇਠੀ ਦੀ ਅਗਵਾਈ ਵਿਚ ਹੋਂਦ ਵਿਚ ਆ ਗਏ ਸਨ। ਇਸ ਦੇ ਸਮਾਨਾਂਤਰ ਪੰਜਾਬ ਸਰਕਾਰ ਨੇ ਭਾਗ ਸਿੰਘ ਦੀ ਨਿਰਦੇਸ਼ਨਾ ਵਿਚ ਲੋਕ ਸੰਪਰਕ ਵਿਭਾਗ ਸਥਾਪਿਤ ਕਰ ਦਿੱਤਾ। ਇਸ ਤਰ੍ਹਾਂ ਇਸ ਕਾਲ ਦੌਰਾਨ ਨਾਟਕੀ ਗਤੀਵਿਧੀਆਂ ਅਚਾਨਕ ਤੇਜ਼ ਹੋ ਗਈਆਂ। ਇਸ ਤੋਂ ਇਲਾਵਾ ਇਸ ਦੌਰ ਵਿਚ ਇਕ ਹੋਰ ਮਹੱਤਵਪੂਰਨ ਵਾਧਾ ਹੋਇਆ। ਸੰਨ 1969 ਵਿਚ ਸਰਕਾਰੀ ਪੱਧਰ ਅਤੇ ਪੰਜਾਬੀ ਸਮਾਜ ਵਲੋਂ ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਸ਼ਤਾਬਦੀ ਮਨਾਉਣ ਦੀ ਯੋਜਨਾ ਉਲੀਕੀ ਗਈ। ਇਸ ਮੌਕੇ ਸਾਹਿਤ ਦੇ ਦੂਜੇ ਰੂਪਾਂ ਦੇ ਸਮਾਂਨਾਂਤਰ ਪੰਜਾਬੀ ਨਾਟਕ ਵੀ ਰਚਿਆ ਗਿਆ। ਸਭ ਤੋਂ ਪਹਿਲਾ ਗੁਰਦਿਆਲ ਸਿੰਘ ਫੁੱਲ ਨੇ 'ਸਭ ਕਿਛੁ ਹੋਤ ਉਪਾਇ'

ਨਾਟਕ ਲਿਖਿਆ ਤੇ ਦਰਸ਼ਕਾਂ ਵਲੋਂ ਇਸ ਨਾਟਕ ਨੂੰ ਭਰਪੂਰ ਸਮਰਥਨ ਪ੍ਰਾਪਤ ਹੋਇਆ। ਜਿਵੇਂ ਜਿਵੇਂ ਸਿੱਖ ਗੁਰੂ ਸਾਹਿਬਾਨਾਂ ਤੇ ਸਿੱਖ ਇਤਿਹਾਸ ਨਾਲ ਸੰਬੰਧਤ ਸ਼ਤਾਬਦੀਆਂ ਮਨਾਉਣ ਦਾ ਸਿਲਸਿਲਾ ਆਰੰਭ ਹੋਇਆ ਉਸ ਦੇ ਅਨੁਰੂਪ ਸ਼ਤਾਬਦੀ ਨਾਟਕ ਰਚੇ ਜਾਣ ਦਾ ਰੁਝਾਨ ਵੀ ਜਾਰੀ ਰਿਹਾ। ਪੰਜਾਬੀ ਨਾਟਕਕਾਰਾਂ ਨੇ ਇਸ ਮੰਤਵ ਲਈ ਨਾਟਕ ਰਚੇ ਜਿਨ੍ਹਾਂ ਨੂੰ ਸ਼ਤਾਬਦੀ ਨਾਟਕ ਕਿਹਾ ਜਾਣ ਲੱਗਾ।

**ਤੀਜੀ ਪੀੜ੍ਹੀ ਦੇ ਪ੍ਰਤੀਨਿਧ ਨਾਟਕਕਾਰ**:

ਦੇਸ਼ ਵਿੱਚ ਕਾਂਗਰਸ ਸਰਕਾਰ ਵੱਲੋਂ ਐਮਰਜੈਂਸੀ ਲਗਾ ਦੇਣ ਨਾਲ ਸਮੁੱਚੇ ਦੇਸ਼ ਦੇ ਰਾਜਨੀਤਕ ਖੇਤਰਾਂ ਵਿਚ ਇਸ ਦਾ ਵਿਆਪਕ ਅਸਰ ਪਿਆ। ਲੇਖਕਾਂ, ਬੁੱਧੀਜੀਵੀਆਂ, ਚਿੰਤਕਾਂ ਆਦਿ ਨੇ ਇਸ ਵਿਰੁੱਧ ਤਿੱਖਾ ਪ੍ਰਤੀਕਰਮ ਦਿੱਤਾ। ਇਸ ਰੋਸ ਦੀ ਪ੍ਰਤੀਧੁਨੀ ਸਾਹਿਤ–ਸਿਰਜਨਾ ਦੇ ਖੇਤਰ ਵਿਚ ਵੀ ਸੁਣਾਈ ਦਿੱਤੀ। ਪੰਜਾਬੀ ਨਾਟ–ਖੇਤਰ ਵਿਚ ਤੀਜੀ ਪੀੜ੍ਹੀ ਦੇ ਪ੍ਰਤੀਨਿੱਧ ਨਾਟਕਕਾਰਾਂ ਦੇ ਰੂਪ ਵਿਚ ਆਤਮਜੀਤ, ਅਜਮੇਰ ਸਿੰਘ ਔਲਖ, ਗੁਰਸ਼ਰਨ ਸਿੰਘ, ਚਰਨ ਦਾਸ ਸਿੱਧੂ, ਰਵਿੰਦਰ ਰਵੀ, ਅਜਾਇਬ ਕਮਲ, ਦਵਿੰਦਰ ਦਮਨ ਆਦਿ ਦੇ ਨਾਮ ਸਾਹਮਣੇ ਆਏ। ਗੁਰਸ਼ਰਨ ਸਿੰਘ ਨੇ ਪੰਜਾਬੀ ਨਾਟਕ ਵਿਚ ਰਾਜਸੀ ਚੇਤਨਾ ਦੀ ਪ੍ਰਤੀਬੱਧਤਾ ਵਾਲੇ ਨਾਟਕ ਲਿਖੇ ਤੇ ਆਮ ਲੋਕਾਂ ਤਕ ਪੇਂਡੂ ਥੀਏਟਰ ਦੀ ਸ਼ੈਲੀ ਨਾਲ ਪੇਸ਼ ਕੀਤੇ। ਉਸ ਨੇ ਪੰਜਾਬ ਲੋਕ ਸਭਿਆਚਾਰਕ ਮੰਚ ਦਾ ਗਠਨ ਕਰਕੇ ਰੰਗਮੰਚ ਦੀ ਲਹਿਰ ਉਸਾਰਨ ਵਿਚ ਵੱਡੀ ਭੂਮਿਕਾ ਨਿਭਾਈ। ਇਹ ਉਹ ਦੌਰ ਸੀ ਜਦੋਂ ਪੰਜਾਬ ਕਾਲੇ ਦਿਨਾਂ ਦੇ ਸੰਕਟ ਦਾ ਸੰਤਾਪ ਹੰਢਾ ਰਿਹਾ ਸੀ। ਪੰਜਾਬ ਵਿਚ ਨਾਟ–ਸਰਗਰਮੀਆਂ ਲਈ ਇਕ ਚੁਣੌਤੀ ਸਾਹਮਣੇ ਆਈ। ਇਸ ਹੀ ਦੌਰ ਵਿਚ ਇਕ ਪਾਸੇ ਨੈਸ਼ਨਲ ਸਕੂਲ ਆਫ ਡਰਾਮਾ ਦੇ ਵਿਦਿਆਰਥੀਆਂ ਹਰਪਾਲ ਟਿਵਾਣਾ ਤੇ ਨੀਨਾ ਟਿਵਾਣਾ ਨੇ ਪੰਜਾਬ ਵਿਚ ਪੇਸ਼ਾਵਰ ਰੰਗਮੰਚ ਦੀਆਂ ਸੰਭਾਵਨਾਵਾਂ ਦੀ ਤਲਾਸ਼ ਕਰ ਰਹੇ ਸਨ। ਦੂਜੇ ਪਾਸੇ ਦਿੱਲੀ ਵਿਚ ਪ੍ਰੇਮ ਜਲੰਧਰੀ ਦੀ ਨਿਰਦੇਸ਼ਨਾ ਅਧੀਨ ਸਪਰੂ ਹਾਊਸ ਵਿਚ ਪ੍ਰਹਸਨ ਨਾਟਕ ਖੇਡੇ ਜਾਣ ਦਾ ਰਿਵਾਜ ਸੀ। ਇਸ ਨਾਲ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਦਾ ਮਜ਼ਾਕ ਉਡਾਇਆ ਜਾ ਰਿਹਾ ਸੀ। ਪੰਜਾਬੀ ਅਕਾਦਮੀ, ਦਿੱਲੀ ਦੇ ਹੋਂਦ ਵਿਚ ਆਉਣ ਨਾਲ ਅਤ ਚਰਨ ਦਾਸ ਸਿੱਧੂ ਦੇ ਕਾਲਜੀਏਟ ਡਰਾਮਾ ਸੋਸਾਇਟੀ, ਦਿੱਲੀ ਦੇ ਸਰਗਰਮ ਹੋਣ ਨਾਲ ਸਪਰੂ ਹਾਊਸ ਦਾ ਪਤਨ ਹੋ ਗਿਆ।

**ਚੌਥੀ ਪੀੜ੍ਹੀ ਦੇ ਪ੍ਰਤੀਨਿਧ ਨਾਟਕਕਾਰ**:

1990 ਵਿੱਚ ਵਿਸ਼ਵੀਕਰਨ ਦੇ ਪ੍ਰਭਾਵ ਨੇ ਦੁਨੀਆ ਭਰ ਵਿਚ ਵਿਸ਼ਵ ਦੇ ਸਾਹਿਤ ਸਮੇਤ ਜੀਵਨ ਦੇ ਹਰ ਖੇਤਰ ਨੂੰ ਪ੍ਰਭਾਵਿਤ ਕੀਤਾ। ਪੰਜਾਬੀ ਸਾਹਿਤ ਅਤੇ ਪੰਜਾਬੀ ਨਾਟਕ ਵੀ ਇਸ ਪ੍ਰਭਾਵ ਤੋਂ ਅਛੂਤਾ ਨਹੀਂ ਰਿਹਾ। ਵਿਸ਼ਵੀਕਰਨ ਦੇ ਵਰਤਾਰੇ ਕਾਰਨ ਪੰਜਾਬੀ ਨਾਟ–ਜਗਤ ਵਿਚ ਇਕ ਨਵਾਂ ਨਾਟ–ਚਿੰਤਨ ਹੋਂਦ ਵਿਚ ਆਇਆ। ਇਸ ਨਵੀਨ ਨਾਟ–ਚਿੰਤਨ ਦੀ ਦ੍ਰਿਸ਼ਟੀ ਤੋਂ ਨਾਟ–ਸਿਰਜਣਾ ਦੇ ਖੇਤਰ ਵਿਚ ਪੁਰਾਣੇ ਨਾਟਕਕਾਰਾਂ ਤੋਂ ਇਲਾਵਾ ਬਹੁਤ ਸਾਰੇ ਨਵੇਂ ਨਾਟਕਕਾਰਾਂ ਨੇ ਨਾਟ–ਸਿਰਜਣਾ ਰਾਹੀਂ ਆਪਣੀ ਪਛਾਣ ਬਣਾਈ। ਉਨ੍ਹਾਂ ਵਿਚੋਂ ਮਨਜੀਤਪਾਲ ਕੌਰ, ਸਤੀਸ਼ ਕੁਮਾਰ ਵਰਮਾ, ਪਾਲੀ ਭੁਪਿੰਦਰ ਸਿੰਘ, ਦੇਵਿੰਦਰ ਕੁਮਾਰ, ਜਗਦੀਸ਼ ਸਚਦੇਵਾ, ਜਤਿੰਦਰ ਬਰਾੜ, ਕੇਵਲ ਧਾਲੀਵਾਲ, ਸਵਰਾਜਬੀਰ, ਵਰਿਆਮ ਮਸਤ, ਪ੍ਰੀਤ ਮਹਿੰਦਰ ਸੇਖੋਂ, ਸਤਿੰਦਰ ਸਿੰਘ ਨੰਦਾ, ਕੁਲਦੀਪ ਸਿੰਘ ਦੀਪ, ਸਾਹਿਬ ਸਿੰਘ, ਰਾਜਵੰਤ ਕੌਰ ਮਾਨ, ਸੋਮਪਾਲ ਹੀਰਾ, ਸੰਜੀਵਨ ਸਿੰਘ ਜਿਹੇ ਨਾਟਕਕਾਰਾਂ ਦੇ ਨਾਮ ਉਲੇਖਯੋਗ ਹਨ। ਇਸ ਦੇ ਸਿੱਟੇ ਵਜੋਂ ਪੰਜਾਬੀ ਨਾਟਕਕਾਰੀ ਵਿਚ ਵਸਤੂ ਸਥਿਤੀ ਦੇ ਪੱਖ ਤੋਂ ਕੁਝ ਨਵੇਂ ਪ੍ਰਸੰਗ ਆਕਾਰ ਪ੍ਰਾਪਤ ਕਰਨ ਲੱਗੇ ਜਿਵੇਂ ਮਿੱਥ ਰੂਪਾਂਤਰਣ, ਦਲਿਤ ਚੇਤਨਾ, ਨਾਰੀ ਚੇਤਨਾ, ਪ੍ਰਵਾਸੀ ਚੇਤਨਾ ਆਦਿ। ਇਸ ਤੋਂ ਇਲਾਵਾ ਇਨ੍ਹਾਂ ਪੰਜਾਬੀ ਨਾਟਕਕਾਰਾਂ ਦੇ ਸਾਹਮਣੇ ਇੱਕੀਵੀਂ ਸਦੀ ਦੀਆਂ ਚੁਣੌਤੀਆਂ ਸਨ। ਇਸ ਦੌਰ ਵਿਚ ਕੇਵਲ ਧਾਲੀਵਾਲ ਨੈਸ਼ਨਲ ਸਕੂਲ ਆਫ ਡਰਾਮਾ ਵਰਗੀ ਵੱਕਾਰੀ ਨਾਟ–ਸੰਸਥਾ ਤੋਂ ਟ੍ਰੇਨਿੰਗ ਪ੍ਰਾਪਤ ਕਰਕੇ ਅੰਮ੍ਰਿਤਸਰ ਵਿਚ ਨਾਟਕੀ ਗਤੀਵਿਧੀਆਂ ਨੂੰ ਨਵੇਂ ਦ੍ਰਿਸ਼ਟੀਕੋਣ ਤੋਂ ਪੇਸ਼ ਕਰਨ ਵਿੱਚ ਲੱਗ ਗਿਆ।

ਉਪਰੋਕਤ ਦੀ ਲੋਅ ਵਿੱਚ ਪੰਜਾਬੀ ਨਾਟਕ ਦਾ ਵਿਕਾਸ ਇਹ ਦ੍ਰਿੜਾਉਂਦਾ ਹੈ ਕਿ ਪੰਜਾਬੀ ਨਾਟਕ ਨੇ ਪੂਰੀ ਵੀਹਵੀਂ ਸਦੀ ਦੌਰਾਨ

ਵਿਕਾਸ ਦੀਆਂ ਮੰਜ਼ਿਲਾਂ ਛੋਹੀਆਂ ਅਤੇ ਹੁਣ ਇਕੀਵੀਂ ਸਦੀ ਦੇ ਤੀਜੇ ਦਹਾਕੇ ਦੇ ਆਰੰਭ ਤੋਂ ਹੀ ਇਹ ਆਪਣੀ ਗੂੜੀ ਪਛਾਣ ਬਣਾ ਕੇ ਨਵੇਂ ਦਿਸਹੱਦਿਆਂ ਦੀ ਤਲਾਸ਼ ਵੱਲ ਰੁਚਿਤ ਹੈ।

**ਟਿਪਣੀਆਂ ਅਤੇ ਹਵਾਲੇ:**


1. ਕੁਲਦੀਪ ਸਿੰਘ, ਪੰਜਾਬੀ ਨਾਟਕ ਦੇ ਮੋਢੀ, ਅੰਮ੍ਰਿਤਸਰ ਸਾਹਿਤ ਕੇਂਦਰ 1966, ਪੰਨਾ 37
2. ਹਰਚਰਨ ਸਿੰਘ (ਡਾ.) ਨਾਟਕਕਲਾ ਅਤੇ ਹੋਰ ਲੇਖ, ਪਟਿਆਲਾ, ਪੈਪਸੂ ਬੁੱਕ ਡਿਪੂ, 1972, ਪੰਨਾ 35.
3. ਸਤੀਸ਼ ਕੁਮਾਰ ਵਰਮਾ (ਡਾ.), 'ਪੰਜਾਬੀ ਨਾਟ-ਮੰਚ ਦੇ ਗਲੋਬਲੀ ਸਰੋਕਾਰ' ਵਿਸ਼ੇ ਤੇ ਕਰਵਾਏ ਸੈਮੀਨਾਰ ਵਿੱਚ 'ਮੁੱਖ ਭਾਸ਼ਣ', ਗੰਗਾਗਿਰੀ ਕਾਲਜ, ਰਾਏਕੋਟ (ਲੁਧਿਆਣਾ), ਮਿਤੀ 30.03.2018
4. ਗੁਰਚਰਨ ਸਿੰਘ ਅਰਸ਼ੀ (ਡਾ.) ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਈਸਾਈ ਮਿਸ਼ਨਰੀਆਂ ਦੀ ਦੇਣ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1975, ਪੰਨਾ 14
5. ਸਤੀਸ਼ ਕੁਮਾਰ ਵਰਮਾ (ਡਾ), ਪੰਜਾਬੀ ਨਾਟ-ਮੰਚ ਦਾ ਨਿਕਾਸ ਤੇ ਵਿਕਾਸ, ਨੈਸ਼ਨਲ ਬੁੱਕ ਟਰੱਸਟ, ਦਿੱਲੀ, 2011, ਪੰਨਾ 20
6. ਗੁਰਦਿਆਲ ਸਿੰਘ ਫੁੱਲ, ਪੰਜਾਬੀ ਨਾਟਕ: ਸਰੂਪ ਸਿਧਾਂਤ ਤੇ ਵਿਕਾਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988, ਪੰਨਾ 255
7. ਗੁਰਚਰਨ ਸਿੰਘ ਅਰਸ਼ੀ (ਡਾ.) ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਈਸਾਈ ਮਿਸ਼ਨਰੀਆਂ ਦੀ ਦੇਣ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1975, ਪੰਨਾ 146
8. ਸਤੀਸ਼ ਕੁਮਾਰ ਵਰਮਾ (ਡਾ) ਪੰਜਾਬੀ ਨਾਟ-ਮੰਚ ਦਾ ਨਿਕਾਸ ਤੇ ਵਿਕਾਸ, ਨੈਸ਼ਨਲ ਬੁੱਕ ਟਰੱਸਟ, ਦਿੱਲੀ, 2011, ਪੰਨਾ 25.